# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 27-06-2024**

ਨੀਟ ਪੇਪਰ ਲੀਕ ਮਾਮਲੇ ਦੀ ਜਾਂਚ ਲਈ CBI ਦੀ ਇੱਕ ਟੀਮ ਕੱਲ੍ਹ ਝਾਰਖੰਡ ਦੇ ਹਜ਼ਾਰੀ-ਬਾਗ ਵਿੱਚ ਓਏਸਿਸ ਸਕੂਲ ਪਹੁੰਚੀ ਅਤੇ ਪ੍ਰਿੰਸੀਪਲ ਤੋਂ ਪੇਪਰ ਲੀਕ ਨਾਲ ਸਬੰਧਤ, ਵੱਖ-ਵੱਖ ਪਹਿਲੂਆਂ ਬਾਰੇ ਪੁੱਛਗਿੱਛ ਕੀਤੀ । ਇਸ ਤੋਂ ਬਾਅਦ CBI ਪ੍ਰਿੰਸੀਪਲ ਨੂੰ ਹੋਰ ਪੁੱਛਗਿੱਛ ਲਈ ਆਪਣੇ ਨਾਲ ਲੈ ਗਈ । ਪ੍ਰਿੰਸੀਪਲ NEET ਪ੍ਰੀਖਿਆ ਲਈ ਹਜ਼ਾਰੀਬਾਗ ਦੇ ਸਕੂਲਾਂ ਦੇ ਸਿਟੀ ਕੋਆਰਡੀਨੇਟਰ ਸਨ। CBI ਦੀ ਟੀਮ ਨੇ, ਐਸ ਬੀ ਆਈ ਹਜ਼ਾਰੀਬਾਗ ਦੇ ਅਧਿਕਾਰੀਆਂ ਤੋਂ ਵੀ ਪੁੱਛਗਿੱਛ ਕੀਤੀ, ਜਿੱਥੇ ਪ੍ਰਸ਼ਨ ਪੱਤਰ ਸਟੋਰ ਕੀਤੇ ਗਏ ਸਨ।

---

ਪੰਜਾਬ ਦੇ ਮੁੱਖ ਸਕੱਤਰ ਅਨੁਰਾਗ ਵਰਮਾ ਨੇ ਨਸ਼ਿਆਂ ਦੀ ਅਲਾਮਤ ਨੂੰ ਠੱਲ੍ਹ ਪਾਉਣ ਲਈ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਜਾਰੀ ਹਦਾਇਤਾਂ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਉਣ ਵਾਸਤੇ ਕਿਹਾ ਏ । ਚੰਡੀਗੜ੍ਹ ਵਿਚ ਨਾਰਕੋ ਕੋਆਰਡੀਨੇਸ਼ਨ ਸੈਂਟਰ ਐਨ-ਕੋਰਡ ਦੀ

ਸੂਬਾ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ, ਉਨਾਂ ਪੰਜਾਬ ਪੁਲਿਸ ਦੇ ਵਿਸ਼ੇਸ਼ ਕਾਰਜ ਬਲ ਨੂੰ ਵੱਡੇ ਪੱਧਰ ‘ਤੇ ਨਸ਼ਿਆ ਦਾ ਵਪਾਰ ਕਰਨ ਵਾਲੇ ਨਸ਼ਾ ਤਸਕਰਾਂ 'ਤੇ ਕਰੜੀ ਨਜ਼ਰ ਰੱਖਣ ਅਤੇ ਉਨ੍ਹਾਂ ਵੱਲੋਂ ਕੀਤੇ ਅਪਰਾਧਾਂ ਲਈ ਸਖ਼ਤ ਸਜ਼ਾ ਯਕੀਨੀ ਬਣਾਉਣ ਵਾਸਤੇ ਕਿਹਾ । ਨਸ਼ਿਆਂ ਨੂੰ ਰੋਕਣ ਬਾਰੇ ਐਕਟ ਦੀ ਧਾਰਾ 31 ਦੇ ਪ੍ਰਚਾਰ ਦੀ ਜਰੂਰਤ 'ਤੇ ਜ਼ੋਰ ਦਿੰਦਿਆਂ ਅਨੁਰਾਗ ਵਰਮਾ ਨੇ ਕਿਹਾ ਕਿ ਆਦਤਨ ਅਪਰਾਧੀਆਂ ਨੂੰ ਸਜ਼ਾ ਦੇਣ ਲਈ ਇਸ ਐਕਟ ਦੀਆਂ ਸਖ਼ਤ ਧਾਰਾਵਾਂ ਬਾਰੇ ਪ੍ਰਚਾਰ ਕਰਨਾ ਸਮੇਂ ਦੀ ਜਰੂਰਤ ਏ । ਉਨਾਂ ਜਾਂਚ ਅਧਿਕਾਰੀਆਂ ਤੇ ਜ਼ਿਲ੍ਹਾ ਅਟਾਰਨੀ ਅਫ਼ਸਰਾਂ ਨੂੰ ਪ੍ਰਭਾਵੀ ਸਿਖਲਾਈ ਦੇਣ ਦੀ ਵਕਾਲਤ ਕੀਤੀ ਤਾਂ ਜੋ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਤੋਂ ਸਖ਼ਤ ਸਜ਼ਾ ਯਕੀਨੀ ਬਣਾਈ ਜਾ ਸਕੇ ।

-----------------------------------------------------------

ਕੇਂਦਰ ਸਰਕਾਰ ਵਲੋਂ ਤਿਆਰ ਤਿੰਨ ਨਵੇਂ ਕਾਨੂੰਨ, ਪਹਿਲੀ ਜੁਲਾਈ ਤੋਂ ਲਾਗੂ ਹੋਣ ਜਾ ਰਹੇ ਨੇ । ਇਨਾਂ ਬਾਰੇ ਕਾਨੂੰਨ ਮਾਹਰ ਕਾਫੀ ਆਸਵੰਦ ਨੇ ਅਤੇ ਇਨਾਂ ਨੂੰ ਸਮੇਂ ਮੁਤਾਬਕ ਬਣਾਇਆ ਮੰਨਦੇ ਨੇ ।

-----------------------------------------------------------

ਡੀ ਏ ਵੀ ਯੂਨੀਵਰਸਿਟੀ ਜਲੰਧਰ ਵਿਖੇ ਚੱਲ ਰਹੇ NCC ਕੈਡਿਟਸ

ਦੇ 10 ਦਿਨਾਂ ਦਾ ਸਾਂਝਾ ਸਲਾਨਾ ਕੈਂਪ ਦੇ ਕਲ ਤੀਜੇ ਦਿਨ ਗਰੁੱਪ ਕਮਾਂਡਰ ਬ੍ਰਿਗੇਡੀਅਰ ਅਜੇ ਤਿਵਾੜੀ ਨੇ ਕੈਂਪ ਦਾ ਦੌਰਾ ਕੀਤਾ। ਉਨਾਂ ਸਹਾਇਕ ਐਨ ਸੀ ਸੀ ਅਫਸਰਾਂ ਅਤੇ ਥਲ ਸੈਨਾ ਕੈਂਪ ਦੇ ਟ੍ਰੇਨਿੰਗ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ। ਕੈਂਪ ਕਮਾਂਡੈਂਟ ਕਰਨਲ ਵਿਨੋਦ ਜੋਸ਼ੀ ਨੇ ਗਰੁੱਪ ਕਮਾਂਡਰ ਨੂੰ ਸਾਂਝੇ ਸਲਾਨਾ ਕੈਂਪ ਦੀਆਂ ਗਤੀਵਿਧੀਆਂ ਦੀ ਸੰਪੂਰਨ ਜਾਣਕਾਰੀ ਦਿੱਤੀ।ਬ੍ਰਿਗੇਡੀਅਰ ਅਜੇ ਤਿਵਾੜੀ ਨੇ NCC ਸੰਗਠਨ ਨੂੰ ਮਜਬੂਤ ਕਰਨ ਲਈ ਕਈ ਸਾਰਥਕ ਸੁਝਾਅ ਦਿੱਤੇ ਅਤੇ ਕੈਡਿਟਸ ਨੂੰ ਲਗਨ ਤੇ ਮਿਹਨਤ ਨਾਲ ਸੈਨਿਕ ਸਿਖਲਾਈ ਪ੍ਰਾਪਤ ਕਰਨ ਲਈ ਆਖਿਆ। ਉਨਾਂ ਕਿਹਾ ਕਿ ਆਸ਼ਾ ਤੇ ਨਿਰਾਸ਼ਾ, ਸਫ਼ਲਤਾ ਤੇ ਅਸਫ਼ਲਤਾ ਹਰ ਇਨਸਾਨ ਦੀ ਜਿੰਦਗੀ ਦਾ ਅੰਗ ਨੇ ਪਰ ਸਾਨੂੰ ਮਿਹਨਤ ਅਤੇ ਹੌਸਲੇ ਨਾਲ ਹਰ ਚੁਣੌਤੀ ਦਾ ਸਾਹਮਣਾ ਕਰਨਾ ਚਾਹੀਦਾ ਏ। ਇਸ ਗਰਮੀ ਦੇ ਮੌਸਮ ਵਿੱਚ ਕੈਡਿਟਸ ਨੂੰ ਕੈਂਪ ਲਗਾਉਂਦਿਆਂ ਦੇਖ ਕੇ, ਉਨਾਂ ਵਧਾਈ ਦਿੱਤੀ ਅਤੇ ਕਿਹਾ ਕਿ ਇਸ ਮਿਹਨਤ ਦਾ ਫ਼ਲ ਤੁਹਾਨੂੰ ਆਉਣ ਵਾਲੀ ਜ਼ਿੰਦਗੀ ਵਿੱਚ ਜਰੂਰ ਨਜ਼ਰ ਆਵੇਗਾ। ਬ੍ਰਿਗੇਡੀਅਰ ਤਿਵਾੜੀ ਨੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਡਾ. ਮਨੋਜ ਕੁਮਾਰ ਨਾਲ ਵੀ ਮੁਲਾਕਾਤ ਕੀਤੀ।

---------------------------------------------------

ਪੰਜਾਬ ਦੇ ਪੂਰਬੀ ਮਾਲਵਾ ਖੇਤਰ ’ਚ ਬੁੱਧਵਾਰ ਸ਼ਾਮ ਨੂੰ, ਤੇਜ਼ ਹਵਾਵਾਂ ਅਤੇ ਕੁਝ ਥਾਵਾਂ 'ਤੇ ਮਾਨਸੂਨ ਤੋਂ ਪਹਿਲਾ ਦੀ ਹਲਕੀ ਬਾਰਿਸ਼ ਨੇ, ਮੌਸਮ 'ਚ ਬਦਲਾਅ ਲਿਆ ਦਿੱਤਾ ਏ। ਏਧਰ ਜਲੰਧਰ ਸਮੇਤ ਕਈ ਜ਼ਿਲਿਆਂ ਵਿਚ ਅੱਜ ਤੜਕਸਾਰ ਹਲਕੇ ਤੋਂ ਦਰਮਿਆਨਾ ਮੀਂਹ ਪਿਆ ਜਿਸ ਨਾਲ ਮੌਸਮ ਬੇਹੱਦ ਹੀ ਖੁਸ਼ਗਵਾਰ ਬਣ ਗਿਆ ਏ, ਪਰ ਹੁੰਮਸ ਵੱਧ ਗਈ ਏ। ਹਾਲਾਂਕਿ ਲੋਕਾਂ ਨੂੰ ਇਸ ਅੱਤ ਦੀ ਗਰਮੀ ਤੋਂ ਰਾਹਤ ਮਿਲੀ ਏ। ਕਈ ਇਲਾਕਿਆਂ ਵਿਚ ਬੱਦਲਵਾਈ ਬਣੀ ਹੋਈ ਏ ਅਤੇ ਠੰਡੀਆਂ ਹਵਾਵਾਂ ਚੱਲ ਰਹੀਆਂ ਨੇ। ਮੌਸਮ ਵਿਭਾਗ ਨੇ ਸੂਬੇ ਦੇ 11 ਜ਼ਿਲ੍ਹਿਆਂ ਸੰਗਰੂਰ, ਫਤਿਹਗੜ੍ਹ ਸਾਹਿਬ, ਲੁਧਿਆਣਾ, ਰੂਪਨਗਰ, ਮੋਗਾ, ਜਲੰਧਰ, ਕਪੂਰਥਲਾ, ਤਰਨਤਾਰਨ, ਸ਼ਹੀਦ ਭਗਤ ਸਿੰਘ ਨਗਰ, ਹੁਸ਼ਿਆਰਪੁਰ, ਅੰਮ੍ਰਿਤਸਰ ਅਤੇ ਗੁਰਦਾਸਪੁਰ 'ਚ ਤੇਜ਼ ਹਵਾਵਾਂ ਨਾਲ ਮੀਂਹ ਪੈਣ ਸੰਬੰਧੀ ਅਲਰਟ ਜਾਰੀ ਕੀਤਾ ਏ। ਸੂਬੇ ਦੇ ਔਸਤ ਤਾਪਮਾਨ ਵਿੱਚ 2.1 ਡਿਗਰੀ ਤਕ ਦੀ ਗਿਰਾਵਟ ਦਰਜ ਕੀਤੀ ਗਈ ਏ। ਜ਼ਿਆਦਾਤਰ ਜ਼ਿਲ੍ਹਿਆਂ ਵਿੱਚ 28 ਜੂਨ ਅਤੇ ਸਮੁਚੇ ਪੰਜਾਬ ਵਿੱਚ 29 ਤੇ 30 ਜੂਨ ਨੂੰ ਬਾਰਿਸ਼ ਹੋਣ ਸਬੰਧੀ ਅਲਰਟ ਜਾਰੀ ਕੀਤਾ ਗਿਆ ਏ।

-----------------------------------------------------

ਪਠਾਨਕੋਟ ਸ਼ਹਿਰ ਦੇ ਨਾਲ ਲਗਦੀ ਐਮ ਬੀ ਲਿੰਕ ਨਹਿਰ ਵਿੱਚ ਇਕ ਤੇਜ਼ ਰਫਤਾਰ ਕਾਰ ਦੇ ਡਿਗਣ ਨਾਲ 2 ਨੌਜਵਾਨਾਂ ਦੀ ਡੁੱਬਣ ਕਾਰਣ ਮੌਤ ਹੋ ਗਈ। ਕਾਰ ਸਵਾਰ 4 ਹੋਰ ਨੌਜਵਾਨਾਂ ਨੇ, ਕਿਸੇ ਤਰ੍ਹਾਂ ਨਾਲ ਕਾਰ ਵਿਚੋਂ ਨਿਕਲ ਕੇ ਆਪਣੀ ਜਾਨ ਬਚਾਈ । ਸਾਰੇ ਨੌਜਵਾਨ ਬੀਤੀ ਰਾਤ ਜਨਮਦਿਨ ਦੀ ਪਾਰਟੀ ਮਨਾ ਕੇ ਘਰ ਵਾਪਿਸ ਪਰਤ ਰਹੇ ਸਨ । ਪੁਲਿਸ ਨੇ ਲੋਕਾਂ ਦੀ ਮੱਦਦ ਨਾਲ ਮ੍ਰਿਤਕ ਨੌਜਵਾਨਾਂ ਦੀਆਂ ਮ੍ਰਿਤਕ ਦੇਹਾਂ ਨਹਿਰ ਵਿਚੋਂ ਬਾਹਰ ਕਢਵਾਕੇ, ਅਗਲੇਰੀ ਜਾਂਚ ਆਰੰਭ ਦਿੱਤੀ ਏ ।